ਡਾਇਰੈਕਟਰ ਸਿਖਿਆ ਵਿਭਾਗ (ਸੈ:ਸਿ) ਪੰਜਾਬ, ਸ.ਅ.ਸ. ਨਗਰ।
(ਸੈਕੰਡਰੀ ਸਿੱਖਿਆ ਸਾਖਾ)

ਵੱਲ,

ਸਮੂਹ ਮੰਡਲ ਸਿਖਿਆ ਅਫਸਰ,
ਸਮੂਹ ਜਿਲਾ ਸਿਖਿਆ ਅਫਸਰ (ਸੈ:ਸਿ/ਐ:ਸਿ) ਪੰਜਾਬ।

ਮੀਮੋ ਨੰ:15/5-2017 ਸੈ:ਸਿ(2)
ਮਿਤੀ: ਸ.ਅ.ਸ.ਨਗਰ, 30-10-17

ਵਿਸ਼ਾ:- ਸਪੈਸਲ ਅਧਿਆਪਕ ਸਟੇਟ ਅਵਾਰਡ ਸਾਲ 2017 ਲਈ ਅਧਿਆਪਕਾਂ ਦੇ ਕੇਸ ਭੇਜਣ ਸਬੰਧੀ।

1. ਸਕੂਲ ਸਿੱਖਿਆ ਵਿਭਾਗ ਵਲੋਂ ਸਰਕਾਰੀ ਸਕੂਲਾਂ ਵਿੱਚ ਵਧੀਆ ਕਾਰਗੁਜਾਰੀ ਵਾਲੇ ਅਧਿਆਪਕਾਂ ਨੂੰ ਸਪੈਸ਼ਲ ਸਟੇਟ ਅਵਾਰਡ ਦੇਣ ਦਾ ਫੈਸਲਾ ਕੀਤਾ ਗਿਆ ਹੈ। ਇਸ ਸਬੰਧ ਵਿੱਚ ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ-2 ਜਿਲ੍ਹੇ ਵਿੱਚ ਵਧੀਆ ਕਾਰਗੁਜਾਰੀ ਕਰਨ ਵਾਲੇ ਅਧਿਆਪਕ ਜਿੰਨਾਂ ਵਲੋਂ ਸਿੱਖਿਆ ਅਤੇ ਵਿਦਿਆਰਥੀਆਂ ਲਈ ਬੇਮਿਸਾਲ ਯੋਗਦਾਨ ਕੀਤਾ ਗਿਆ ਹੋਵੇ ਅਤੇ ਉਹ ਅਧਿਆਪਕ ਸਟੇਟ ਅਵਾਰਡ ਦੀਆਂ ਯੋਗਤਾਵਾਂ/ਸ਼ਰਤਾਂ ਪੂਰੀਆਂ ਕਰਦਾ ਹੋਵੇ।

2. ਜਿਲ੍ਹਾ ਸਿੱਖਿਆ ਅਫਸਰ ਦੇ ਅਧੀਨ ਇਕ ਕਮੇਟੀ ਗਠਿਤ ਕੀਤੀ ਜਾਵੇ। ਇਸ ਕਮੇਟੀ ਵਲੋਂ ਸਪੈਸ਼ਲ ਅਵਾਰਡ ਲਈ ਕੇਸ ਭੇਜਣ ਤੋਂ ਪਹਿਲਾਂ ਹਰ ਇੱਕ ਤੱਥ/ਦਸਤਾਵੇਜ ਦੀ ਪੜਤਾਲ ਕਰਨ ਅਤੇ ਸਕੂਲ ਦਾ ਨਿਰੀਖਣ ਕਰਨ ਉਪਰੰਤ ਹੀ ਸਪੈਸ਼ਲ ਅਵਾਰਡ ਲਈ ਸਿਫਾਰਸ ਕੀਤੀ ਜਾਵੇ। ਕਿਸੇ ਅਯੋਗ ਅਧਿਆਪਕ ਦੀ ਸਿਫਾਰਸ ਕਰਨ ਲਈ ਜਿਲ੍ਹਾ ਪੱਧਰੀ ਕਮੇਟੀ ਜਿੰਮੇਵਾਰ ਹੋਵੇਗੀ।

3. ਸਪੈਸ਼ਲ ਅਵਾਰਡ ਲਈ ਸਿਫਾਰਸ ਕੀਤੇ ਅਧਿਆਪਕ ਦੀਆਂ ਪ੍ਰਾਪਤੀਆਂ ਅਤੇ ਕੀਤੇ ਗਏ ਕੰਮ-ਕਾਜ ਦੀ ਰਿਪੋਰਟ ਦਸਤਾਵੇਜਾਂ ਸਮੇਤ ਸੰਖੇਪ ਰੂਪ ਵਿੱਚ ਭੇਜੀ ਜਾਵੇ ਅਤੇ ਬੇਲੋੜੇ ਕਾਗਜ ਲਗਾਉਣ ਤੋਂ ਗੁਰੇਜ਼ ਕੀਤਾ ਜਾਵੇ।

4. ਕਿਸੇ ਵੀ ਅਧਿਆਪਕ ਵਲੋਂ ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ/ਐ.ਸਿ) ਵਿਖੇ ਸਿੱਧੇ ਤੌਰ ਤੇ ਸਪੈਸ਼ਲ ਅਵਾਰਡ ਲਈ ਭੇਜਿਆ ਕੇਸ ਵਿਚਾਰਿਆ ਨਹੀਂ ਜਾਵੇਗਾ।

5. ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ) ਵਲੋਂ ਸਪੈਸ਼ਲ ਅਵਾਰਡ ਲਈ ਆਪਣੀਆਂ ਸਿਫਾਰਿਸਾਂ ਮਿਤੀ 08.11.2017 ਤੱਕ ਭੇਜਣੀਆਂ ਯਕੀਨੀ ਬਣਾਈਆਂ ਜਾਣ। ਇਸ ਮਿਤੀ ਤੋਂ ਬਾਅਦ ਕੋਈ ਵੀ ਕੇਸ ਵਿਚਾਰਿਆ ਨਹੀਂ ਜਾਵੇਗਾ ਕਿਉਂਕਿ ਸਪੈਸ਼ਲ ਅਧਿਆਪਕ ਅਵਾਰਡ ਮਿਤੀ 14.11.2017 ਨੂੰ ਦੇਣ ਸਬੰਧੀ ਵਿਚਾਰਿਆ ਗਿਆ ਹੈ। ਐਲੀਮੈਂਟਰੀ ਵਿਭਾਗ ਦੇ ਕੇਸ ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ) ਪੰਜਾਬ ਰਾਹੀਂ ਜਮਾਂ ਕਰਵਾਏ ਜਾਣ।

ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ),
ਪੰਜਾਬ

ਪਿੱਠ ਅੰਕਣ ਨੰ:ਉਕਤ ਮਿਤੀ ਸ.ਅ.ਸ.ਨਗਰ,

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਕੱਤਰ ਟੂ ਮਾਨਯੋਗ ਸਕੂਲ ਸਿੱਖਿਆ ਮੰਤਰੀ, ਪੰਜਾਬ।
2. ਪੀ.ਏ ਟੂ ਮਾਨਯੋਗ ਸਕੱਤਰ ਸਕੂਲ ਸਿੱਖਿਆ।
3. ਡਾਇਰੈਕਟਰ ਸਿਖਿਆ ਵਿਭਾਗ (ਐ:ਸਿ) ਪੰਜਾਬ।

ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ),
ਪੰਜਾਬ